ਲੀਗਲ ਸੇਵਾਵਾਂ 905-913-2355
ਵਕੀਲ ਦੀ ਲੋੜ ? 905-362-0755
Personal Loan Business Loan Home Line of Credit 905-965-4644
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
FRESH TOMATO $1.29 LB 905-678-0300
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਟਰੰਪ ਦੇ ਨਾਂ 'ਤੇ ਬਣਾ ਲਿਆ ਆਧਾਰ ਕਾਰਡ

ਮੁੰਬਈ: ਮੁੰਬਈ ਪੁਲੀਸ ਨੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਨਾਮ 'ਤੇ ਫ਼ਰਜ਼ੀ ਆਧਾਰ ਕਾਰਡ ਬਣਾਉਣ ਅਤੇ ਉਸ ਦਾ ਇਸਤੇਮਾਲ ਫ਼ਰਜ਼ੀ ਵੋਟਰ ਰੈਜਿਸਟਰੇਸ਼ਨ ਲਈ ਕਰਨ ਦੇ ਮਾਮਲੇ 'ਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ

ਦਰਜ ਕੀਤਾ ਹੈ। ਅਧਿਕਾਰੀਆਂ ਨੇ ਇਸ ਬਾਰੇ ਜਾਣਕਾਰੀ ਦਿੱਤੀ।

ਫ਼ਰਜ਼ੀ ਵੈੱਬਸਾਈਟ ਤੋਂ ਬਣ ਰਹੇ ਸਨ ਆਧਾਰ ਕਾਰਡ: ਰਾਸ਼ਟਰੀਵਾਦੀ ਕਾਂਗਰਸ ਪਾਰਟੀ (ਸ਼ਰਦ ਪਾਵਰ ਗਰੁੱਪ) ਦੇ ਵਿਧਾਇਕ ਰੋਹਿਤ ਪਾਵਰ ਨੇ 16 ਅਕਤੂਬਰ ਨੂੰ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਸੀ ਕਿ ਇੱਕ ਵੈੱਬਸਾਈਟ ਰਾਹੀਂ ਫ਼ਰਜ਼ੀ ਆਧਾਰ ਕਾਰਡ ਬਣਾਏ ਜਾ ਰਹੇ ਹਨ ਜਿਨ੍ਹਾਂ ਦਾ ਇਸਤੇਮਾਲ ਫ਼ਰਜ਼ੀ ਵੋਟਰ ਰੈਜਿਸਟਰੇਸ਼ਨ ਲਈ ਕੀਤਾ ਜਾ ਰਿਹਾ ਸੀ। ਭਾਜਪਾ ਦੇ ਸੋਸ਼ਲ ਮੀਡੀਆ ਸੈੱਲ ਦੇ ਸਹਿ-ਸੰਯੋਜਕ ਧਨੰਜਯ ਵਾਗਸਕਰ ਨੇ ਇੱਕ ਯੂਟਿਊਬ ਚੈਨਲ 'ਤੇ ਇਸ ਬਾਰੇ ਵੀਡੀਓ ਦੇਖੀ ਜਿਸ 'ਚ ਭਾਜਪਾ ਦੇ ਇੱਕ ਅਧਿਕਾਰੀ 'ਤੇ ਵੀ ਦੋਸ਼ ਲਗਾਏ ਗਏ ਸਨ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਾਗਸਕਰ ਨੇ ਵੈੱਬਸਾਈਟ ਦੇ ਅਣਪਛਾਤੇ ਨਿਰਮਾਤਾ, ਮਾਲਕ ਅਤੇ ਉਪਭੋਗਤਾ ਸਮੇਤ ਹੋਰਾਂ ਖ਼ਿਲਾਫ਼ ਪੁਲੀਸ 'ਚ ਸ਼ਿਕਾਇਤ ਦਿੱਤੀ।

ਪੁਲੀਸ ਨੇ ਸਾਈਬਰ ਕਾਨੂੰਨਾਂ ਤਹਿਤ ਦਰਜ ਕੀਤਾ ਕੇਸ: ਸ਼ਿਕਾਇਤ ਦੇ ਅਧਾਰ 'ਤੇ ਮੁੰਬਈ ਸਾਈਬਰ ਪੁਲੀਸ ਨੇ ਭਾਰਤੀ ਨਿਆਂ ਸੰਹਿਤਾ (BNS) ਦੀਆਂ ਸੰਬੰਧਿਤ ਧਾਰਾਵਾਂ ਅਤੇ ਸੂਚਨਾ ਤਕਨਾਲੋਜੀ ਕਾਨੂੰਨ ਤਹਿਤ ਜਾਲਸਾਜ਼ੀ, ਪਹਿਚਾਣ ਚੋਰੀ, ਝੂਠੀ ਜਾਣਕਾਰੀ ਫ਼ੈਲਾਉਣ ਸਮੇਤ ਹੋਰ ਗੰਭੀਰ ਦੋਸ਼ਾਂ 'ਚ ਦੋ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਵਾਗਸਕਰ ਨੇ ਆਪਣੀ ਸ਼ਿਕਾਇਤ 'ਚ ਕਿਹਾ ਕਿ ਇਹ ਧੋਖਾਧੜੀ ਦੀ ਸਾਜ਼ਿਸ਼ ਭਾਰਤ ਦੇ ਇੱਕ ਸਵੈ-ਸ਼ਾਸ਼ਤਰੀ ਸੰਸਥਾਨ ਅਤੇ ਭਾਜਪਾ ਪਾਰਟੀ ਖ਼ਿਲਾਫ਼ ਜਨਤਾ 'ਚ ਗੁੱਸਾ ਅਤੇ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇੱਕ ਫ਼ਰਜ਼ੀ ਵੈੱਬਸਾਈਟ ਰਾਹੀਂ ਆਧਾਰ ਕਾਰਡ ਬਣਾ ਕੇ ਸਮਾਜ ਦੇ ਦੋ ਵਰਗਾਂ 'ਚ ਤਨਾਅ ਪੈਦਾ ਕਰਨ ਦੀ ਯੋਜਨਾ ਬਣਾਈ ਗਈ ਸੀ।

ਵੋਟਰ ਸੂਚੀ 'ਚ ਗੜਬੜੀਆਂ ਦਾ ਦੋਸ਼: ਰੋਹਿਤ ਪਾਵਰ ਨੇ ਇਹ ਵੀ ਦੋਸ਼ ਲਗਾਇਆ ਕਿ ਪਿਛਲੇ ਸਾਲ ਦੇ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਗਠਜੋੜ ਲਈ ਹਾਨੀਕਾਰਕ ਨਤੀਜੇ ਆਉਣ ਤੋਂ ਬਾਅਦ ਫ਼ਰਜ਼ੀ ਵੋਟਰ ਰੈਜਿਸਟਰੇਸ਼ਨ, ਅਸਲੀ ਵੋਟਰਾਂ ਦੇ ਨਾਮ ਹਟਾਉਣ ਅਤੇ ਦੋਹਰੇ ਵੋਟਰ ਰੈਜਿਸਟਰੇਸ਼ਨ ਵਰਗੀਆਂ ਗੜਬੜੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ 2019 ਤੋਂ 2024 ਦੇ ਚਕਾਰ 32 ਲੱਖ ਨਵੇਂ ਵੋਟਰਜ਼ ਜੋੜੇ ਗਏ ਜਿਹੜਾ ਪ੍ਰਤੀ ਮਹੀਨਾ ਲਗਭਗ 54 ਹਜ਼ਾਰ ਵੋਟਰਾਂ ਦੇ ਵਾਧੇ ਦੇ ਬਰਾਬਰ ਹੈ, ਪਰ ਸਿਰਫ਼ ਪੰਜ ਮਹੀਨੇ (ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਦੇ ਵਿਚਕਾਰ) 'ਚ 48 ਲੱਖ ਵੋਟਰਾਂ ਦੇ ਜੋੜੇ ਜਾਣਾ ਸ਼ੱਕ ਦੇ ਘੇਰੇ 'ਚ ਹੈ। ਰੋਹਿਤ ਪਾਵਰ ਨੇ ਇਹ ਵੀ ਦੱਸਿਆ ਕਿ ਕੁੱਝ ਸਥਿਤੀਆਂ 'ਚ ਇੱਕ ਹੀ ਆਧਾਰ ਕਾਰਡ ਦੀ ਤਸਵੀਰ ਅਤੇ ਨਾਮ ਬਦਲ ਕੇ ਦੂਜੇ ਹਲਕੇ 'ਚ ਵੋਟਰ ਬਣਾਇਆ ਗਿਆ ਸੀ।

ਭਾਰਤੀਆਂ ਦੀ ਕਮਾਈ 'ਚ ਜ਼ਬਰਦਸਤ ਵਾਧਾ

ਮੁੰਬਈ: ਇੱਕ ਪਾਸੇ ਜਿੱਥੇ ਪਿਛਲੇ ਚਾਰ ਸਾਲਾਂ 'ਚ ਦੁਨੀਆਂ ਭਰ 'ਚ ਸ਼ਰਾਬ ਦੀ ਖਪਤ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ, ਉੱਥੇ ਦੂਜੇ ਪਾਸੇ ਭਾਰਤੀ ਬਾਜ਼ਾਰ 'ਚ ਇਸ ਦੀ ਖਪਤ ਲਗਾਤਾਰ ਵੱਧ ਰਹੀ ਹੈ ਜਿਸ ਕਾਰਨ ਦੇਸ਼ ਦੀਆਂ ਸ਼ਰਾਬ ਕੰਪਨੀਆਂ ਨੇ ਨਿਵੇਸ਼ਕਾਂ ਨੂੰ 14 ਗੁਣਾ ਤਕ ਰੀਟਰਨ ਦਿੱਤਾ ਹੈ। ਭਾਰਤ ਦਾ ਸ਼ਰਾਬ ਬਾਜ਼ਾਰ ਹੁਣ 60 ਅਰਬ ਡਾਲਰ ਤਕ ਪਹੁੰਚ ਚੁੱਕਾ ਹੈ।

ਭਾਰਤ 'ਚ ਵਾਧੇ ਦੇ ਮੁੱਖ ਕਾਰਨ: ਭਾਰਤ 'ਚ ਇਸ ਵਾਧੇ ਦੇ ਤਿੰਨ ਮੁੱਖ ਕਾਰਨ ਮੰਨੇ ਜਾ ਰਹੇ ਹਨ - ਨੌਜਵਾਨ ਆਬਾਦੀ, ਔਰਤਾਂ 'ਚ ਵੱਧਦੀ ਖਪਤ, ਅਤੇ ਆਮਦਨ 'ਚ ਤੇਜ਼ੀ ਨਾਲ ਵਾਧਾ।

ਦੇਸ਼ ਦੀ 60% ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ ਜਦ ਕਿ WHO ਅਨੁਸਾਰ ਪਿਛਲੇ ਦੋ ਦਹਾਕਿਆਂ 'ਚ ਔਰਤਾਂ 'ਚ ਸ਼ਰਾਬ ਦੀ ਖਪਤ 50% ਵਧੀ ਹੈ। ਇਸ ਦੇ ਨਾਲ ਹੀ ਆਮਦਨ 'ਚ 30% ਵਾਧੇ ਕਾਰਨ ਪ੍ਰੀਮੀਅਮ ਅਤੇ ਬ੍ਰੈਂਡਿਡ ਸ਼ਰਾਬ ਦੀ ਮੰਗ ਹਰੇਕ ਸਾਲ 18% ਦੀ ਦਰ ਨਾਲ ਵੱਧ ਰਹੀ ਹੈ।

ਭਾਰਤੀ ਬਾਜ਼ਾਰ ਦਾ ਵਾਧਾ ਅਤੇ 14 ਗੁਣਾ ਰਿਟਰਨ: ਪਿਛਲੇ ਚਾਰ ਸਾਲਾਂ 'ਚ ਭਾਰਤ ਦੀਆਂ ਕੰਪਨੀਆਂ ਜਿਵੇਂ ਕਿ ਯੂਨਾਈਟਿਡ ਸਪਿਰਟਸ, ਰੈਡਿਕੋ ਖੇਤਾਨ ਅਤੇ ਗਲੋਬਜ਼ ਸਪਿਰਟਸ ਦੇ ਸ਼ੇਅਰ 14 ਗੁਣਾ ਤਕ ਵਧੇ ਹਨ।

ਖਪਤ 'ਚ ਵਾਧਾ: 2005 'ਚ ਪ੍ਰਤੀ ਵਿਅਕਤੀ ਸ਼ਰਾਬ ਖਪਤ 2.4 ਲੀਟਰ ਸੀ ਜੋ 2016 'ਚ 5.7 ਲੀਟਰ ਤਕ ਪਹੁੰਚ ਗਈ ਅਤੇ 2030 ਤਕ ਇਸ ਦੇ 6.7 ਲੀਟਰ ਹੋਣ ਦੀ ਸੰਭਾਵਨਾ ਹੈ।

ਸੂਬਿਆਂ ਦਾ ਮਾਲੀਆ: ਰਾਜਾਂ ਨੂੰ ਸ਼ਰਾਬ ਦੀ ਵਿਕਰੀ ਤੋਂ 19 ਹਜ਼ਾਰ 730 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ।

ਦੁਨੀਆਂ ਭਰ ਦੇ ਬਾਜ਼ਾਰਾਂ ਦੀ ਸਥਿਤੀ: ਅਮਰੀਕਾ, ਯੌਰਪ ਅਤੇ ਚੀਨ ਵਰਗੇ ਵੱਡੇ ਬਾਜ਼ਾਰਾਂ 'ਚ ਡਿਐਗੋ, ਪੈਰਨੋਡ ਰਿਕਾਰਡ, ਰੈਮੀ ਕਵਾਇੰਟਰਿਊ ਅਤੇ ਬ੍ਰਾਊਨ ਫ਼ੋਰਮੈਨ ਵਰਗੀਆਂ ਵੱਡੀਆਂ ਕੰਪਨੀਆਂ ਦੇ ਸ਼ੇਅਰ 75% ਤਕ ਟੁੱਟ ਚੁੱਕੇ ਹਨ।

ਮੁਲਾਂਕਣ 'ਚ ਘਾਟਾ: ਇਸ ਉਦਯੋਗ ਦਾ ਮੁਲਾਂਕਣ 74 ਲੱਖ ਕਰੋੜ ਰੁਪਏ ਘਟਿਆ ਹੈ।

ਸ਼ੇਅਰਾਂ ਦੀ ਔਸਤ ਗਿਰਾਵਟ: ਬਲੂਮਬਰਗ ਦੀ ਰਿਪੋਰਟ ਅਨੁਸਾਰ ਜੂਨ 2021 ਤੋਂ ਦੁਨੀਆਂ ਦੇ 50 ਪ੍ਰਮੁੱਖ ਸ਼ਰਾਬ ਬ੍ਰੈਂਡਾਂ ਦੇ ਸ਼ੇਅਰਾਂ 'ਚ ਔਸਤਨ 46% ਦੀ ਗਿਰਾਵਟ ਦਰਜ ਕੀਤੀ ਗਈ ਹੈ।

ਕਾਰਨ: ਇਸ ਗਿਰਾਵਟ ਦੇ ਮੁੱਖ ਕਾਰਨਾਂ 'ਚ ਸਿਹਤ ਪ੍ਰਤੀ ਵਧੇਰੇ ਜਾਗਰੂਕਤਾ, ਬਦਲਦੀ ਜੀਵਨਸ਼ੈਲੀ ਅਤੇ ਮਹਿੰਗਾਈ ਸ਼ਾਮਿਲ ਹਨ।

ਕੰਪਨੀਆਂ ਦਾ ਬਦਲਾਅ: ਹੁਣ ਇਹ ਵੱਡੀਆਂ ਕੰਪਨੀਆਂ ਗ਼ੈਰ-ਐਲਕੋਹੌਲਿਕ ਉਤਪਾਦਾਂ ਵੱਲ ਵੱਧ ਰਹੀਆਂ ਹਨ। ਉਦਾਹਰਣ ਲਈ, ਡਿਆਜੀਓ ਨੇ ਰਿਚੂਅਲ ਜ਼ੀਰੋ ਪਰੂਫ਼ ਖ਼ਰੀਦਿਆ ਹੈ ਜਦੋਂ ਕਿ ਕਾਰਲਜ਼ਬਰਗ ਅਤੇ ਕੰਪਾਰੀ-ਮਿਲਾਨੋ ਨੇ ਵੀ ਅਜਿਹੇ ਬ੍ਰੈਂਡਜ਼ ਲੌਂਚ ਕੀਤੇ ਹਨ।